Employment Development Department
State of California

# ਬੇਰੁਜ਼ਗਾਰੀ ਬੀਮਾ

ਬੇਰੁਜ਼ਗਾਰੀ ਬੀਮਾ (UI) ਰੁਜ਼ਗਾਰਦਾਤਾ ਦੁਆਰਾ ਭੁਗਤਾਨ ਕੀਤਾ ਜਾਣ ਵਾਲਾ ਪ੍ਰੋਗਰਾਮ ਹੈ ਜਿਸ ਵਿੱਚ ਤੁਹਾਨੂੰ ਬੇਰੁਜ਼ਗਾਰ ਹੋਣ 'ਤੇ ਜਾਂ ਤੁਹਾਡੀ ਨੌਕਰੀ ਦੇ ਘੰਟਿਆਂ ਦੇ ਘਟਣ 'ਤੇ ਤੁਹਾਨੂੰ ਅਸਥਾਈ ਤੌਰ 'ਤੇ ਆਮਦਨ ਦਾ ਕੁਝ ਭਾਗ ਦਿੱਤਾ ਜਾਂਦਾ ਹੈ ਜੇਕਰ ਤੁਸੀਂ ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਵੋ।

## ਕੀ ਮੈਂ ਬੇਰੁਜ਼ਗਾਰੀ ਬੀਮੇ ਦੇ ਲਈ ਯੋਗ ਹਾਂ?

ਜੇਕਰ ਤੁਸੀਂ ਕੰਮ ਨਹੀਂ ਕਰ ਰਹੇ ਜਾਂ ਤੁਹਾਡੀ ਨੌਕਰੀ ਦੇ ਘੰਟਿਆਂ ਨੂੰ ਘਟਾ ਦਿੱਤਾ ਗਿਆ ਹੈ ਤਾਂ ਤੁਸੀਂ UI ਲਾਭਾਂ ਲਈ ਇੱਕ ਦਾਅਵਾ ਦਰਜ ਕਰ ਸਕਦੇ ਹੋ। UI ਲਾਭ ਪ੍ਰਾਪਤ ਕਰਨ ਦੇ ਯੋਗ ਹੋਣ ਲਈ, ਤੁਸੀਂ ਕੰਮ ਨਹੀਂ ਕਰਦੇ ਹੋਣੇ ਚਾਹੀਦੇ ਹੋ ਅਤੇ ਇਸ ਵਿੱਚ ਤੁਹਾਡੀ ਕੋਈ ਗਲਤੀ ਨਹੀਂ ਹੋਣੀ ਚਾਹੀਦੀ ਹੈ ਅਤੇ ਤੁਸੀਂ ਸ਼ਰੀਰਕ ਤੌਰ 'ਤੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹੋ, ਕੰਮ ਸਵੀਕਾਰ ਕਰਨ ਲਈ ਤਿਆਰ, ਅਤੇ ਕੰਮ ਲੱਭਦੇ ਹੋਣੇ ਚਾਹੀਦੇ ਹੋ। ਯੋਗਤਾ ਦੀਆਂ ਜ਼ਰੂਰਤਾਂ ਦੀ ਪੂਰੀ ਸੂਚੀ ਦੇ ਲਈ, **www.edd.ca.gov/Unemployment/Eligibility.htm** 'ਤੇ ਜਾਓ।

## ਮੈਨੂੰ ਆਪਣੇ ਦਾਅਵੇ ਨੂੰ ਕਦੋਂ ਦਰਜ ਕਰਨਾ ਚਾਹੀਦਾ ਹੈ?

ਤੁਹਾਨੂੰ ਆਪਣੀ ਨੌਕਰੀ ਗੁਆਉਣ ਜਾਂ ਕੰਮ ਦੇ ਘੰਟਿਆਂ ਦੇ ਘਟਣ ਦੇ ਪਹਿਲੇ ਹਫਤੇ ਵਿੱਚ ਆਪਣੇ ਦਾਅਵੇ ਨੂੰ ਦਰਜ ਕਰਨਾ ਚਾਹੀਦਾ ਹੈ। ਤੁਹਾਡੀ ਅਰਜ਼ੀ ਜਮ੍ਹਾਂ ਹੋਣ ਵਾਲੇ ਹਫਤੇ ਦੇ ਐਤਵਾਰ ਨੂੰ ਤੁਹਾਡੇ ਦਾਅਵੇ ਨੂੰ ਸਵੀਕਾਰ ਕੀਤਾ ਜਾਵੇਗਾ।

ਮਹੱਤਵਪੂਰਨ: ਦਰਜ ਕਰਨ ਵਿੱਚ ਦੇਰੀ ਹੋਣ ਨਾਲ ਲਾਭਾਂ ਦਾ ਭੁਗਤਾਨ ਅਦਾ ਕਰਨ ਵਿੱਚ ਦੇਰੀ ਹੋ ਸਕਦੀ ਹੈ।

## ਮੈਂ ਬੇਰੁਜ਼ਗਾਰੀ ਬੀਮੇ ਲਈ ਦਾਅਵਾ ਕਿਵੇਂ ਕਰ ਸਕਦਾ/ਸਕਦੀ ਹਾਂ?

ਤੁਸੀਂ ਹੇਠਲੇ ਕਿਸੇ ਇੱਕ ਢੰਗ ਰਾਹੀਂ UI ਦੇ ਲਈ ਦਾਅਵਾ ਕਰ ਸਕਦੇ ਹੋ:

➢ ਔਨਲਾਈਨ:
ਆਪਣੇ UI ਦਾਅਵੇ ਨੂੰ ਦਰਜ ਕਰਨ ਲਈ UI Online[SM] ਸਭ ਤੋਂ ਤੇਜ਼ ਅਤੇ ਸਭ ਤੋਂ ਸੌਖਾ ਤਰੀਕਾ ਹੈ। ਸ਼ੁਰੂਆਤ ਕਰਨ ਲਈ **www.edd.ca.gov/UI_Online** 'ਤੇ ਜਾਓ। ਤੁਸੀਂ ਨੀਚੇ ਦੱਸੇ ਗਏ ਸਮਿਆਂ ਦੌਰਾਨ ਔਨਲਾਈਨ ਆਪਣਾ UI ਦਾਅਵਾ ਦਰਜ ਕਰ ਸਕਦੇ ਹੋ:

| ਹਫਤੇ ਦੇ ਦਿਨ | ਉਪਲਬਧ ਸਮਾਂ |
|---|---|
| ਸੋਮਵਾਰ | ਸਵੇਰੇ 4 ਵਜੇ ਤੋਂ ਰਾਤ 10 ਵਜੇ ਤੱਕ |
| ਮੰਗਲਵਾਰ - ਸ਼ੁੱਕਰਵਰ | ਸਵੇਰੇ 2 ਵਜੇ ਤੋਂ ਰਾਤ 10 ਵਜੇ ਤੱਕ |
| ਸ਼ਨੀਵਾਰ | ਸਵੇਰੇ 2 ਵਜੇ ਤੋਂ ਰਾਤ 8 ਵਜੇ ਤੱਕ |
| ਐਤਵਾਰ | ਸਵੇਰੇ 5 ਵਜੇ ਤੋਂ ਰਾਤ 8:30 ਵਜੇ ਤੱਕ |

➢ ਫੋਨ
ਪ੍ਰਤੀਨਿਧੀ ਹੇਠ ਲਿਖੇ ਟੋਲ-ਫ੍ਰੀ ਨੰਬਰਾਂ 'ਤੇ, ਸਰਕਾਰੀ ਛੁੱਟੀਆਂ ਤੋਂ ਇਲਾਵਾ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ **8** ਵਜੋਂ ਤੋਂ ਦੁਪਹਿਰ **12** ਵਜੇ ਤੱਕ (ਪੈਸੀਫਿਕ ਟਾਈਮ) ਉਪਲਬਧ ਹਨ।

| | | | | | |
|---|---|---|---|---|---|
| ਅੰਗ੍ਰੇਜ਼ੀ | **1-800-300-5616** | ਕੈਂਟੋਨੀਜ਼ | **1-800-547-3506** | ਵੀਅਤਨਾਮੀ | **1-800-547-2058** |
| ਸਪੈਨਿਸ਼ | **1-800-326-8937** | ਮੈਂਡਰਿਨ | **1-866-303-0706** | **TTY** | **1-800-815-9387** |

➢ ਫੈਕਸ ਜਾਂ ਮੇਲ
**www.edd.ca.gov/unemployment/Filing_a_Claim.htm**'ਤੇ ਕਾਗਜ਼ੀ UI ਅਰਜ਼ੀ ਪ੍ਰਾਪਤ ਕਰ ਕੇ ਆਪਣਾ UI ਕਲੇਮ ਦਰਜ ਕਰੋ। ਹੋਰ ਤੇਜ਼ ਅਤੇ ਜ਼ਿਆਦਾ ਸੁਰੱਖਿਅਤ ਪ੍ਰੋਸੈਸਿੰਗ ਲਈ, ਫਾਰਮ ਉੱਤੇ ਦਿੱਤੇ ਗਏ ਨੰਬਰ 'ਤੇ ਪੂਰੇ ਕੀਤੇ ਗਏ ਫਾਰਮ ਨੂੰ ਫੈਕਸ ਕਰ ਦਿਓ। ਜੇਕਰ ਤੁਸੀਂ ਆਪਣੀ ਅਰਜ਼ੀ ਨੂੰ ਮੇਲ ਕਰ ਰਹੇ ਹੋ ਤਾਂ ਫਾਰਮ ਉੱਤੇ ਦਿੱਤੇ ਗਏ ਪਤੇ ਦੀ ਵਰਤੋਂ ਕਰੋ ਅਤੇ ਇਸਦੀ ਪ੍ਰੋਸੈਸਿੰਗ ਲਈ ਵਾਧੂ ਸਮਾਂ ਦਿਓ।

## ਮੈਨੂੰ ਕਿਹੜੀ ਜਾਣਕਾਰੀ ਦੇਣ ਦੀ ਜ਼ਰੂਰਤ ਹੈ?

ਇਹ ਯਕੀਨੀ ਕਰਨ ਲਈ ਕਿ ਤੁਹਾਡਾ ਦਾਅਵਾ ਜਲਦੀ ਤੋਂ ਜਲਦੀ ਦਰਜ ਹੋਵੇ, ਤੁਹਾਨੂੰ ਨਿੱਜੀ ਜਾਣਕਾਰੀ ਪ੍ਰਦਾਨ ਕਰਨੀ ਹੋਵੇਗੀ, ਜਿਵੇਂ ਕਿ ਕੰਮ ਕਰਨ ਵੇਲੇ ਤੁਹਾਡੇ ਵੱਲੋਂ ਵਰਤੇ ਗਏ ਨਾਮ, ਤੁਹਾਡਾ ਸਮਾਜਕ ਸੁਰੱਖਿਆ ਨੰਬਰ, ਤੁਹਾਡਾ ਮੇਲਿੰਗ ਅਤੇ ਰਿਹਾਇਸ਼ੀ ਪਤਾ, ਅਤੇ ਤੁਹਾਡੇ:

- ☐ ਅਖੀਰਲੇ ਰੁਜ਼ਗਾਰਦਾਤਾ ਬਾਰੇ ਜਾਣਕਾਰੀ ਜਿਸ ਵਿੱਚ ਕੰਪਨੀ ਦਾ ਨਾਮ, ਨਿਰੀਖਕ ਦਾ ਨਾਮ, ਪਤਾ (ਮੇਲਿੰਗ ਅਤੇ ਰਿਹਾਇਸ਼ੀ) ਅਤੇ ਫੋਨ ਨੰਬਰ ਸ਼ਾਮਲ ਹਨ, ਇਸ ਗੱਲ ਵੱਲ ਧਿਆਨ ਦਿੱਤੇ ਬਿਨਾਂ ਕਿ ਤੁਸੀਂ ਇਸ ਅਖੀਰਲੇ ਰੁਜ਼ਗਾਰਦਾਤਾ ਲਈ ਕਿੰਨਾ ਸਮਾਂ ਕੰਮ ਕੀਤਾ ਹੈ।
- ☐ ਅਖੀਰਲੀ ਵਾਰ ਕੰਮ ਕਰਨ ਦੀ ਮਿਤੀ ਅਤੇ ਤੁਹਾਡਾ ਹੁਣ ਕੰਮ ਨਾ ਕਰਨ ਦਾ ਕਾਰਨ।
- ☐ ਪਿਛਲੇ ਹਫਤੇ ਤੁਹਾਡੇ ਵੱਲੋਂ ਕੀਤੇ ਗਏ ਕੰਮ ਦੀ ਕੁੱਲ ਕਮਾਈ, ਜਿਸਦੀ ਸ਼ੁਰੂਆਤ ਐਤਵਾਰ ਤੋਂ ਹੁੰਦੀ ਹੈ ਅਤੇ ਅੰਤ ਕੰਮ ਦੇ ਅਖੀਰਲੇ ਦਿਨ ਹੁੰਦਾ ਹੈ।
- ☐ ਪਿਛਲੇ 18 ਮਹੀਨਿਆਂ ਦੌਰਾਨ ਰਹਿ ਚੁੱਕੇ ਸਾਰੇ ਰੁਜ਼ਗਾਰਦਾਤਾਵਾਂ ਬਾਰੇ ਜਾਣਕਾਰੀ ਜਿਸ ਵਿੱਚ ਨਾਮ, ਪਤਾ (ਮੇਲਿੰਗ ਅਤੇ ਰਿਹਾਇਸ਼ੀ) ਰੁਜ਼ਗਾਰ ਦੀਆਂ ਮਿਤੀਆਂ, ਕਮਾਈ ਗਈ ਕੁੱਲ ਆਮਦਨੀ, ਪ੍ਰਤੀ ਹਫਤੇ ਕੰਮ ਦੇ ਘੰਟੇ, ਪ੍ਰਤੀ ਘੰਟਾ ਤਨਖਾਹ, ਅਤੇ ਤੁਹਾਡਾ ਹੁਣ ਨਾ ਕੰਮ ਕਰਨ ਦਾ ਕਾਰਨ ਸ਼ਾਮਲ ਹਨ।
- ☐ *Notice to Federal Employees About Unemployment Insurance* (ਸੰਘੀ ਕਰਮਚਾਰੀਆਂ ਨੂੰ ਬੇਰੁਜ਼ਗਾਰੀ ਬੀਮੇ ਦੇ ਬਾਰੇ ਨੋਟਿਸ), ਸਟੈਂਡਰਡ ਫਾਰਮ 8 (ਕੇਵਲ ਪੂਰਵ ਸੰਘੀ ਕਰਮਚਾਰੀਆਂ ਲਈ)
- ☐ DD 214 Member 4 copy (ਸਦੱਸ 4 ਕਾਪੀ) (ਕੇਵਲ ਪੂਰਵ ਫੌਜੀਆਂ ਲਈ)
- ☐ ਤੁਹਾਡੀ ਨਾਗਰਿਕਤਾ ਸਥਿਤੀ ਅਤੇ ਜੇਕਰ ਤੁਸੀਂ ਅਮਰੀਕਾ ਦੇ ਨਾਗਰਿਕ ਨਹੀਂ ਹੋ ਅਤੇ ਤੁਸੀਂ ਸੰਯੁਕਤ ਰਾਜ ਨਾਗਰਿਕਤਾ ਅਤੇ ਪ੍ਰਵਾਸ ਸੇਵਾਵਾਂ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ ਤਾਂ ਤੁਹਾਡੇ ਰੁਜ਼ਗਾਰ ਪ੍ਰਮਾਣਿਕਤਾ ਦਸਤਾਵੇਜ਼ ਵਿਚਲੀ ਜਾਣਕਾਰੀ, ਜਿਵੇਂ ਕਿ ਏਲੀਅਨ ਰਜਿਸਟ੍ਰੇਸ਼ਨ ਨੰਬਰ, ਕਾਰਡ ਨੰਬਰ, ਅਤੇ ਮਿਆਦ ਸਮਾਪਤੀ ਦੀ ਮਿਤੀ (ਜੇਕਰ ਲਾਗੂ ਹੈ)।

## ਕੀ ਇੰਤਜ਼ਾਰ ਕਰਨ ਦੀ ਕੋਈ ਅਵਧੀ ਹੈ?
ਸਾਰਿਆਂ ਦਾਅਵਿਆਂ ਲਈ ਇੱਕ ਹਫਤੇ ਦੀ ਇੰਤਜ਼ਾਰ ਅਵਧੀ ਹੁੰਦੀ ਹੈ, ਜਿਸ ਲਈ ਕੋਈ ਭੁਗਤਾਨ ਨਹੀਂ ਕੀਤਾ ਜਾਂਦਾ। ਤੁਹਾਡੀ ਇੰਤਜ਼ਾਰ ਕਰਨ ਦੀ ਅਵਧੀ ਦੀ ਓਦੋਂ ਤੱਕ ਸ਼ੁਰੂਆਤ ਨਹੀਂ ਹੋ ਸਕਦੀ ਜੱਦ ਤੱਕ ਤੁਹਾਡਾ ਦਾਅਵਾ ਦਰਜ ਨਾ ਹੋ ਜਾਵੇ। ਇੰਤਜ਼ਾਰ ਕਰਨ ਦੀ ਅਵਧੀ ਵਿੱਚ, ਤੁਹਾਨੂੰ ਲਾਜ਼ਮੀ ਹੀ ਲਾਭਾਂ ਲਈ ਪ੍ਰਮਾਣੀਕਰਨ ਦੇਣਾ ਹੋਵੇਗਾ ਅਤੇ ਆਪਣੀ ਇੰਤਜ਼ਾਰ ਕਰਨ ਦੀ ਅਵਧੀ ਦੇ ਹਫਤੇ ਲਈ ਯੋਗਤਾਂ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੋਵੇਗਾ।

## ਅੱਗੇ ਕੀ ਹੋਵੇਗਾ?
ਤੁਹਾਡੇ ਵੱਲੋਂ ਦਾਅਵਾ ਦਰਜ ਕਰਨ ਤੋਂ ਬਾਅਦ, ਤੁਹਾਨੂੰ ਆਪਣੇ ਦਾਅਵੇ, UI ਪ੍ਰੋਗਰਾਮ ਬਾਰੇ ਮੇਲ ਰਾਹੀਂ ਜਾਣਕਾਰੀ ਭੇਜੀ ਜਾਵੇਗੀ, ਅਤੇ ਤੁਹਾਨੂੰ ਆਪਣੇ ਪਹਿਲੇ *Continued Claim Form,* DE 4581 (ਜਾਰੀ ਦਾਅਵੇ ਦੇ ਫਾਰਮ) ਲਈ ਵੱਖਰੀ ਮੇਲ ਪ੍ਰਾਪਤ ਹੋਵੇਗੀ। ਜ਼ਿਆਦਾਤਰ ਗਾਹਕਾਂ ਨੂੰ *Notice of Requirement to Register for Work,* DE 8405 (ਕੰਮ ਲਈ ਰਜਿਸਟਰ ਕਰਨ ਦੀ ਜ਼ਰੂਰਤ ਦਾ ਨੋਟਿਸ) ਵੀ ਮਿਲੇਗਾ, ਜਿਸ ਵਿੱਚ ਉਹਨਾਂ ਨੂੰ CalJOBS℠, ਕੈਲੀਫੋਰਨੀਆ ਦੇ ਔਨਲਾਈਨ ਲੇਬਰ ਏਕਸਚੇਂਜ ਸਿਸਟਮ ਲਈ ਰਜਿਸਟਰ ਕਰਨ ਵਾਸਤੇ ਕਿਹਾ ਹੋਵੇਗਾ। ਭੁਗਤਾਨ ਵਿੱਚ ਕਿਸੇ ਤਰ੍ਹਾਂ ਦੀ ਦੇਰੀ ਨੂੰ ਟਾਲਣ ਲਈ ਸਾਰੀਆਂ ਬੇਨਤੀਆਂ ਨੂੰ ਪੜ੍ਹਨਾ ਅਤੇ ਉਹਨਾਂ ਦਾ ਜਵਾਬ ਦੇਣਾ ਯਕੀਨੀ ਬਣਾਓ।

## ਮੈਂ ਲਾਭਾਂ ਲਈ ਪ੍ਰਮਾਣੀਕਰਨ ਕਿਵੇਂ ਦੇਵਾਂ?
ਲਾਭ ਭੁਗਤਾਨਾਂ ਵਾਸਤੇ ਬੇਨਤੀ ਕਰਨ ਲਈ, ਤੁਹਾਨੂੰ ਲਾਜ਼ਮੀ ਹੀ ਹਰੇਕ ਦੋ ਹਫਤਿਆਂ ਵਿੱਚ ਇੱਕ ਵਾਰ EDD ਨੂੰ ਯੋਗਤਾ ਜਾਣਕਾਰੀ ਮੁਹੱਈਆ ਕਰਨੀ ਹੋਵੇਗੀ। ਇਸ ਨੂੰ ਲਾਭਾਂ ਲਈ ਪ੍ਰਮਾਣੀਕਰਨ ਦੇਣਾ ਕਹਿੰਦੇ ਹਨ। ਪ੍ਰਮਾਣੀਕਰਨ ਕਰਨ ਦਾ ਸਭ ਤੋਂ ਤੇਜ਼ ਤਰੀਕਾ UI ਔਨਲਾਈਨ ਹੈ। ਤੁਸੀਂ **1-866-333-4606** 'ਤੇ ਫੋਨ ਕਰਕੇ EDD Tele-Cert℠ ਦੀ ਵਰਤੋਂ ਕਰਦੇ ਹੋਏ, ਜਾਂ ਫਾਰਮ 'ਤੇ ਦਿੱਤੀ ਗਈ ਮੇਲ ਦੀ ਮਿਤੀ ਤੱਕ ਆਪਣੇ *Continued Claim Form,* DE 4581 (ਜਾਰੀ ਦਾਅਵੇ ਦੇ ਫਾਰਮ) ਨੂੰ ਮੇਲ ਕਰਦੇ ਹੋਏ ਵੀ ਪ੍ਰਮਾਣੀਕਰਨ ਕਰ ਸਕਦੇ ਹੋ। ਵਧੇਰੀ ਜਾਣਕਾਰੀ ਲਈ, **www.edd.ca.gov/unemployment/Certifying_for_Benefits_Process.htm** ਨੂੰ ਦੇਖੋ।

## ਭੁਗਤਾਨ ਜਾਣਕਾਰੀ
ਭੁਗਤਾਨ ਜਾਣਕਾਰੀ ਰੋਜ਼ਾਨਾ ਅਪਡੇਟ ਕੀਤੀ ਜਾਂਦੀ ਹੈ ਅਤੇ ਤੁਹਾਡੇ UI ਔਨਲਾਈਨ ਖਾਤੇ ਦੇ ਰਾਹੀਂ ਜਾਂ **1-866-333-4606** 'ਤੇ UI ਸੈਲਫ-ਸਰਵਿਸ ਨੂੰ ਕਾਲ ਕਰਕੇ ਦਿਨ ਦੇ 24 ਘੰਟੇ ਅਤੇ ਹਫਤੇ ਵਿੱਚ ਸੱਤ ਦਿਨ ਉਪਲਬਧ ਰਹਿੰਦੀ ਹੈ।

## ਅਕਸਰ ਪੁੱਛੇ ਗਏ ਪ੍ਰਸ਼ਨ
- **UI** ਵਿੱਚ ਕਿੰਨੇ ਦਾ ਭੁਗਤਾਨ ਕੀਤਾ ਜਾਂਦਾ ਹੈ?
  - ਹਫਤੇਵਾਰ ਲਾਭ ਰਾਸ਼ੀ ਤੁਹਾਡੀ ਸ਼ੁਰੂਆਤੀ ਅਵਧੀ ਦੀ ਤਿਮਾਹੀ ਕਮਾਈ 'ਤੇ ਨਿਰਭਰ ਕਰਦੇ ਹੋਏ ਘੱਟੋ-ਘੱਟ $40 ਅਤੇ ਵੱਧ ਤੋਂ ਵੱਧ $450 ਹੈ।

- **UI Online℠** ਕੀ ਹੈ?
  - UI ਔਨਲਾਈਨ ਦਾਅਵਾ ਦਰਜ ਕਰਨ, ਲਾਭਾਂ ਲਈ ਪ੍ਰਮਾਣੀਕਰਨ ਦੇਣ ਅਤੇ ਦਾਅਵੇ ਅਤੇ ਭੁਗਤਾਨ ਬਾਰੇ ਜਾਣਕਾਰੀ ਦੇਖਣ ਲਈ ਤੇਜ਼, ਸੁਰੱਖਿਅਤ, ਅਤੇ ਸੁਵਿਧਾਜਨਕ ਢੰਗ ਹੈ। ਆਪਣੇ ਖਾਤੇ ਤੱਕ ਪਹੁੰਚ ਪ੍ਰਾਪਤ ਕਰਨ ਲਈ ਜਾਂ ਰਜਿਸਟਰ ਕਰਨ ਲਈ, **www.edd.ca.gov/UI_Online** 'ਤੇ ਜਾਓ।

- ਮੈਂ ਆਪਣੇ ਦਾਅਵੇ ਬਾਰੇ ਕੋਈ ਪ੍ਰਸ਼ਨ ਕਿਵੇਂ ਪੁੱਛ ਸਕਦਾ/ਸਕਦੀ ਹਾਂ?
  - ਪ੍ਰਸ਼ਨ ਪੁੱਛਣ ਦਾ ਸਭ ਤੋਂ ਵਧੀਆ ਢੰਗ UI ਔਨਲਾਈਨ ਹੈ। ਤੁਹਾਡੇ ਲੌਗ-ਇਨ ਕਰਨ ਤੋਂ ਬਾਅਦ, ਇੱਕ ਵਰਗ ਅਤੇ ਵਿਸ਼ੇ ਦੇ ਨਾਲ ਸਾਨੂੰ ਸੰਪਰਕ ਕਰੋ ਅਤੇ ਫਿਰ ਆਪਣਾ ਪ੍ਰਸ਼ਨ ਦਰਜ ਕਰੋ। ਜਦੋਂ EDD ਜਵਾਬ ਦੇਵੇਗਾ, ਤੁਹਾਨੂੰ ਈਮੇਲ ਰਾਹੀਂ ਸੂਚਨਾ ਮਿਲ ਜਾਵੇਗੀ। ਤੁਸੀਂ **askedd.edd.ca.gov**'ਤੇ EDD ਨੂੰ ਪੁੱਛੋ ਦੀ ਵਰਤੋਂ ਕਰਦੇ ਹੋਏ ਜਾਂ ਇਸ ਫਾਰਮ ਦੇ ਪਿਛਲੇ ਪਾਸੇ ਦਿੱਤੇ ਗਏ ਕਿਸੇ ਇੱਕ ਫੋਨ ਨੰਬਰ 'ਤੇ ਕਾਲ ਕਰਕੇ ਵੀ ਪ੍ਰਸ਼ਨ ਜਮ੍ਹਾਂ ਕਰ ਸਕਦੇ ਹੋ।

- ਫੋਨ 'ਤੇ ਮੇਰਾ ਇੰਟਰਵਿਊ ਕਿਉਂ ਲਿੱਤਾ ਜਾ ਰਿਹਾ ਹੈ?
  - ਜੇਕਰ EDD ਨੂੰ ਤੁਹਾਡੀ ਲਾਭ ਪ੍ਰਾਪਤ ਕਰਨ ਦੀ ਯੋਗਤਾ ਬਾਰੇ ਹੋਰ ਜਾਣਕਾਰੀ ਚਾਹੀਦੀ ਹੋਵੇਗੀ, ਤਾਂ ਤੁਹਾਨੂੰ ਤੁਹਾਡੇ ਫੋਨ ਇੰਟਰਵਿਊ ਦੀ ਮਿਤੀ, ਸਮੇਂ, ਅਤੇ ਉਦੇਸ਼ ਬਾਰੇ ਮੇਲ ਰਾਹੀਂ ਸੂਚਨਾ ਦੇ ਦਿੱਤੀ ਜਾਵੇਗੀ। ਆਪਣੇ ਇੰਟਰਵਿਊ ਲਈ ਉਪਲਬਧ ਹੋਣ ਵਿੱਚ ਅਸਫਲ ਹੋਣ ਦੇ ਨਤੀਜੇ ਵਜੋਂ ਲਾਭਾਂ ਲਈ ਦੇਰੀ ਜਾਂ ਇਨਕਾਰ ਹੋ ਸਕਦਾ ਹੈ।

## ਹੋਰ ਸਾਧਨ
EDD ਕਿਸੇ ਖਰਚੇ ਦੇ ਬਿਨਾ ਰਾਜ ਅਤੇ ਸਥਾਨਕ ਏਜੰਸੀਆਂ ਦੇ ਨਾਲ ਸਾਂਝੀਦਾਰੀ ਵਿੱਚ ਬਹੁਤ ਤਰ੍ਹਾਂ ਦੀਆਂ ਪੁਨਰ-ਰੁਜ਼ਗਾਰ ਸੇਵਾਵਾਂ ਪ੍ਰਦਾਨ ਕਰਦਾ ਹੈ। America's Job Center of California℠ (AJCC) ਦੇ ਰਾਹੀਂ ਸਾਰੇ ਰਾਜ ਵਿੱਚ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਇਹ ਸੇਵਾਵਾਂ ਨੌਕਰੀ ਦੀ ਭਾਲ ਕਰ ਰਹੇ ਵਿਅਕਤੀਆਂ, ਯੁਵਾ ਪੀੜ੍ਹੀ, ਅਨੁਭਵੀ ਵਿਅਕਤੀਆਂ, ਅਤੇ ਵਿਕਲਾਂਗ ਵਿਅਕਤੀਆਂ ਦਾ ਹੇਠ ਲਿਖੀਆਂ ਸੇਵਾਵਾਂ ਦੇ ਨਾਲ ਫਾਇਦਾ ਕਰਦੀਆਂ ਹਨ:

- ਨੌਕਰੀ ਲੱਭਣ ਵਿੱਚ ਸਹਾਇਤਾ
- ਵਰਕਸ਼ਾਪਾਂ
- ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ
- ਟੈਲੀਫੋਨਾਂ, ਇੰਟਰਨੈੱਟ, ਪ੍ਰਿੰਟਰਾਂ, ਫੈਕਸ ਮਸ਼ੀਨਾਂ, ਅਤੇ ਕਾਪੀ ਮਸ਼ੀਨਾਂ ਤੱਕ ਪਹੁੰਚ
- CalJOBS℠ ਦੇ ਰਾਹੀਂ ਨੌਕਰੀ ਦੀਆਂ ਸੂਚੀਆਂ
- ਤਨਖਾਹਾਂ ਅਤੇ ਰੁਝਾਨਾਂ ਬਾਰੇ ਜਾਣਕਾਰੀ
- ਹੋਰਾਂ ਸੇਵਾਵਾਂ ਦੇ ਹਵਾਲੇ ਅਤੇ ਹੋਰ ਬਹੁਤ ਕੁਝ

ਆਪਣੇ ਨੇੜੇ AJCC ਲੱਭਣ ਲਈ, **www.edd.ca.gov/Office_Locator** 'ਤੇ ਜਾਓ ਜਾਂ **1-877-US 2 JOBS (1-877-872-5627)** 'ਤੇ ਅਮਰੀਕਾ ਦੇ ਲੇਬਰ ਇੰਮਪਲੋਇਮੈਂਟ ਐਂਡ ਟ੍ਰੇਨਿੰਗ ਐਡਮਿਨੀਸਟ੍ਰੇਸ਼ਨ ਦੀ ਹੈਲਪਲਾਈਨ ਨੂੰ ਫੋਨ ਕਰੋ। ਜਾਣਕਾਰੀ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ। TTY ਪਹੁੰਚ 1-877-889-5627 'ਤੇ ਉਪਲਬਧ ਹੈ।